ਪੰਜਾਬ ਸਰਕਾਰ
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ
ਐਸ.ਸੀ.ਓ. ਨੰ: 49, ਸੈਕਟਰ 17ਈ , ਚੰਡੀਗੜ੍ਹ
(ਜਨਰਲ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ:
1) ਡਵੀਜ਼ਨਲ ਡਿਪਟੀ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ;
2) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਜ;
3) ਬਲਾਕ ਵਿਕਾਸ ਤੇ ਪੰਚਾਇਤ ਅਫਸਰਜ਼

ਮੀਮੋ ਨੰ: 25483 ਮਿਤੀ: 6/9/2001

ਵਿਸ਼ਾ: ਪੰਚਾਇਤਾਂ ਦੀ ਆਮਦਨ ਦਾ 1% ਸਟੇਟ ਹੈਡਕੁਆਟਰ ਲਈ ਕੰਟਨਜੈਂਸੀ ਵਜੋਂ ਫਿਟ ਚਾਰਜ ਡਿਕਲੇਅਰ ਕਰਨ ਸਬੰਧੀ।

ਪੰਚਾਇਤਾਂ ਦੀ ਪ੍ਰਾਪਰਟੀ ਦੀ ਦੇਖਭਾਲ ਅਤੇ ਮੈਨੇਜਮੈਂਟ ਸਟੇਟ ਹੈਡਕੁਆਟਰ ਵਲੋਂ ਵੀ ਕਰਨੀ ਹੁੰਦੀ ਹੈ, ਜਿਸ ਲਈ ਸਟੇਟ ਹੈਡਕੁਆਟਰ ਵਲੋਂ ਖੇਤਰੀ ਅਧਿਕਾਰੀਆਂ ਨਾਲ ਪੱਤਰ ਵਿਹਾਰ, ਟੈਲੀਫੋਨਿਕ ਕਾਨਟੈਕਟ, ਮੌਕੇ ਆਦਿ ਲਈ ਦੌਰੇ ਵੇਖਣ ਅਤੇ ਪੰਚਾਇਤਾਂ ਦੇ ਝਗੜਿਆਂ ਦਾ ਨਿਪਟਾਰਾ ਕਰਨ ਦੀ ਕਾਰਵਾਈ ਕਰਨੀ ਪੈਂਦੀ ਹੈ। ਵਿਭਾਗ ਪਾਸ ਇਨ੍ਹਾਂ ਸਾਰੇ ਕੰਮਾਂ ਲਈ ਲੋੜੀਂਦੇ ਫੰਡਸ ਲੋੜ ਅਨੁਸਾਰ ਨਾ ਹੋਣ ਕਾਰਣ ਇਹ ਮਾਮਲਾ ਸਰਕਾਰ ਪੱਧਰ ਤੇ ਵਿਚਾਰ ਕਰਨ ਉਪਰੰਤ ਫੈਸਲਾ ਕੀਤਾ ਗਿਆ ਹੈ ਕਿ :-

1. ਸਟੇਟ ਹੈਡਕੁਆਟਰ ਤੇ ਰੂਰਲ ਇਨਫਰਾਸਟਰਕਚਰ ਫੰਡ ਪੰਚਾਇਤਾਂ ਦੇ ਯੋਗਦਾਨ ਨਾਲ ਕਾਇਮ ਕੀਤਾ ਜਾਵੇ ਅਤੇ ਇਸ ਫੰਡ ਵਿਚੋਂ ਸਟੇਟ ਹੈਡਕੁਆਟਰ ਤੇ ਖੇਤਰੀ ਅਧਿਕਾਰੀਆਂ ਤੇ ਕੰਟਨਜੈਂਟ ਖਰਚਾ ਕੀਤਾ ਜਾਵੇ।
2. ਹਰ ਪੰਚਾਇਤ ਜਿਸ ਦੀ ਆਮਦਨ 4.00 ਲੱਖ ਤੋਂ ਵਧ ਹੈ ਉਹ ਆਪਣੀ ਆਮਦਨ ਦਾ 1% ਇਸ ਰੂਰਲ ਇਨਫਰਾਸਟਰਚਰ ਫੰਡ ਵਿੱਚ ਯੋਗਦਾਨ ਪਾਵੇਗੀ।
3. ਯੋਗਦਾਨ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਦੇ ਨਾਂ ਤੇ ਡਰਾਫਟ ਰਾਹੀਂ ਭੇਜਿਆ ਜਾਵੇਗਾ।
4. ਸਮੁਚੀ ਡਵੀਜ਼ਨ/ਜ਼ਿਲ੍ਹਾ/ਬਲਾਕ ਦੀ ਪੰਚਾਇਤ ਦਾ ਬਣਦਾ ਯੋਗਦਾਨ ਕਨਸਾਲੀਡੇਟ ਕਰਕੇ ਵਿਭਾਗ ਨੂੰ ਸੂਚਨਾ ਭੇਜੀ ਜਾਵੇਗੀ।
5. ਇਸ ਫੰਡ ਨੂੰ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਜਾਂ ਉਹਨਾਂ ਵਲੋਂ ਨਾਮਜ਼ਦ ਅਧਿਕਾਰੀ ਉਪਰੇਟ ਕਰੇਗਾ।
6. ਇਸ ਫੰਡ ਵਿੱਚ ਪੰਚਾਇਤਾਂ ਵਲੋਂ ਪਾਇਆ ਗਿਆ ਯੋਗਦਾਨ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 140 (ਐਫ) ਅਧੀਨ ਪੰਚਾਇਤਾਂ ਤੇ ਫਿਟ ਚਾਰਜ ਡਿਕਲੇਅਰ ਕੀਤਾ ਜਾਂਦਾ ਹੈ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਖੇਤਰ ਵਿੱਚ ਪੈਂਦੀਆਂ ਪੰਚਾਇਤਾਂ ਜਿਨ੍ਹਾਂ ਦੀ ਆਮਦਨ 4.00 ਲੱਖ ਰੁਪਏ ਪ੍ਰਤੀ ਸਾਲ ਤੋਂ ਵੱਧ ਹੈ, ਨੂੰ ਅਡੈਂਟੀਫਾਈ ਕਰਕੇ, ਉਹਨਾਂ ਦੀ ਆਮਦਨ ਦਾ 1% ਸਟੇਟ ਹੈਡਕੁਆਟਰ ਤੇ ਰੂਰਲ ਇਨਫਰਾਸਟਰਚਰ ਫੰਡ ਵਿਚ ਯੋਗਦਾਨ ਪਾਉਣ ਲਈ 15 ਦਿਨਾਂ ਦੇ ਅੰਦਰ ਅੰਦਰ ਡਰਾਫਟ ਰਾਹੀ ਭੇਜਣਾ ਯਕੀਨੀ ਬਣਾਇਆ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ

ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ
ਵਿਭਾਗ, ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ: 3ਪੀ/ਜਨਰਲ ਸ਼ਾਖਾ/25486 ਚੰਡੀਗੜ੍ਹ, ਮਿਤੀ: 6/9/2001

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ:-
1) ਡਿਪਟੀ ਕਮਿਸ਼ਨਰ;